# ਪੰਜਾਬੀ ਯੂਨੀਵਰਸਿਟੀ, ਪਟਿਆਲਾ।

(1961 ਦੇ ਪੰਜਾਬ ਐਕਟ ਨੰ 35 ਤਹਿਤ ਸਥਾਪਿਤ)

[ਕਾਲਜ ਸੈਕਸ਼ਨ]

ਨੰ.: 133/DCDC
ਮਿਤੀ: 17/07/2025

**ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਤ ਸਮੂਹ**
**ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ/ਚੇਅਰਮੈਨ ਸਾਹਿਬਾਨਾਂ ਨੂੰ**

**ਵਿਸ਼ਾ: ਸੈਸ਼ਨ 2025-26 ਲਈ ਮੈਨਡੇਟਰੀ ਪ੍ਰੋਫਾਰਮੇ ਸਬੰਧੀ।**

ਸੈਸ਼ਨ 2025-26 ਦੌਰਾਨ ਪੰਜਾਬ ਰਾਜ ਵਿਚਲੇ ਐਜੂਕੇਸ਼ਨ ਕਾਲਜਾਂ ਵਿਚ ਬੀ.ਐੱਡ. ਦੇ ਦਾਖਲਿਆਂ ਹਿਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਸੰਬੰਧੀ ਮੈਂਡੇਟਰੀ ਪ੍ਰਫਾਰਮੇ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ 15-07-2025 ਤੋਂ ਵਧਾ ਕੇ 25-07-2025 ਕੀਤੀ ਗਈ ਹੈ। ਯੂਨੀਵਰਸਿਟੀ ਨਿਯਮਾਂ ਅਨੁਸਾਰ ਟੀਚਿੰਗ ਸਟਾਫ ਦਾ 2/3 ਹਿੱਸਾ ਯੂਨੀਵਰਸਿਟੀ ਤੋਂ ਅਪਰੂਵਡ ਰੈਗੂਲਰ ਅਧਿਆਪਕਾਂ ਦਾ ਹੋਣਾ ਚਾਹੀਦਾ ਹੈ, ਜਿਸ ਸੰਬੰਧੀ ਐੱਨ.ਸੀ.ਟੀ.ਈ. ਨਾਰਮਜ਼ ਅਨੁਸਾਰ 50 ਸੀਟਾਂ ਦੇ ਪ੍ਰਤੇਕ ਯੂਨਿਟ ਲਈ 5 ਅਧਿਆਪਕ ਯੂਨੀਵਰਸਿਟੀ ਤੋਂ ਅਪਰੂਵਡ ਹੋਣੇ ਚਾਹੀਦੇ ਹਨ। ਕਾਲਜਾਂ ਵੱਲੋਂ ਨਵੰਬਰ 2024 ਵਿਚ "Performance Appraisal Report" ਲੈਣ ਵੇਲੇ ਹਲਫੀਆ ਬਿਆਨ ਦਿੱਤੇ ਗਏ ਸਨ ਕਿ ਦਾਖ਼ਲਿਆਂ ਤੋਂ ਪਹਿਲਾਂ ਪਹਿਲਾਂ ਟੀਚਿੰਗ ਸਟਾਫ਼ ਦੀ ਪੂਰਤੀ ਸੁਨਿਸ਼ਚਿਤ ਕੀਤੀ ਜਾਵੇਗੀ, ਪ੍ਰੰਤੂ ਕੁੱਝ ਕਾਲਜਾਂ ਵਿਚ ਅਜੇ ਤੱਕ ਵੀ 2/3 ਟੀਚਿੰਗ ਸਟਾਫ਼ ਪੂਰਾ ਨਹੀਂ ਹੈ।

ਇਸ ਸੰਬੰਧੀ ਹਸਤਾਖਰ-ਕਰਤਾ ਵੱਲੋਂ ਮਿਤੀ 15-07-2025 ਨੂੰ WhatsApp Group ਰਾਹੀਂ ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ message ਦਿੱਤਾ ਗਿਆ ਸੀ ਕਿ ਜਿਹੜੇ ਕਾਲਜਾਂ ਕੋਲ ਦੋ-ਤਿਹਾਈ ਅਪਰੂਵਡ ਟੀਚਿੰਗ ਸਟਾਫ ਮੌਜੂਦ ਨਹੀਂ ਹੈ ਅਤੇ ਉਹ ਨਿਯੁਕਤੀ ਸੰਬੰਧੀ ਵਿਗਿਆਪਨ ਪ੍ਰਕਾਸ਼ਿਤ ਕਰ ਚੁੱਕੇ ਹਨ, ਉਹ ਮਿਤੀ 16-07-2025 ਤੱਕ ਕਾਲਜ ਪੋਰਟਲ ਤੇ ਇੰਟਰਵਿਊ ਕਰਵਾਉਣ ਹਿਤ request ਨੂੰ register ਕਰਨ, ਜਿਸ ਸਦਕਾ ਕਈ ਕਾਲਜਾਂ ਵੱਲੋਂ ਕਾਰਵਾਈ ਕੀਤੀ ਗਈ ਅਤੇ ਦਫਤਰ ਵੱਲੋਂ ਉਹਨਾਂ ਦੀਆਂ ਇੰਟਰਵਿਊਜ਼ ਪਹਿਲਤਾ ਦੇ ਅਧਾਰ ਤੇ ਕਰਵਾਈਆਂ ਜਾ ਰਹੀਆਂ ਹਨ, ਪਰੰਤੂ ਵਿਗਿਆਪਨ ਨੰ. 50809, 50807, 50758, 50853, 50852, 50788, 50798, 50856, 50857, 50740, 50785, 50818 ਅਤੇ 50751 ਸੰਬੰਧੀ ਸੰਬੰਧੀ ਕੁੱਲ 13 ਅਜਿਹੇ ਕਾਲਜਾਂ ਵੱਲੋਂ ਅਜੇ ਤੱਕ ਵੀ ਕੋਈ ਇੰਟਰਵਿਊ requests ਪ੍ਰਾਪਤ ਨਹੀਂ ਹੋਈਆਂ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਵਾਈਸ ਚਾਂਸਲਰ ਸਾਹਿਬ ਵੱਲੋਂ ਹੋਏ ਆਦੇਸ਼ਾ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਕਾਲਜਾਂ ਕੋਲ 2/3 ਟੀਚਿੰਗ ਸਟਾਫ਼ ਸੰਬੰਧੀ ਲੋੜੀਂਦੀ ਗਿਣਤੀ (ਨਵੇਂ ਭਰਤੀ ਕੀਤੇ ਅਧਿਆਪਕਾਂ ਨੂੰ ਮਿਲਾ ਕੇ) ਦੇ 50% ਜਾਂ ਇਸ ਤੋਂ ਵੱਧ ਟੀਚਿੰਗ ਸਟਾਫ ਹੈ, ਉਹਨਾਂ ਨੂੰ ਮੈਂਡੇਟਰੀ ਪ੍ਰਫਾਰਮੇ ਇਸ ਸ਼ਰਤ ਤੇ ਜਾਰੀ ਕੀਤੇ ਜਾਂਦੇ ਹਨ ਕਿ ਉਹ ਕਾਲਜ ਬਾਕੀ ਰਹਿੰਦੀਆਂ ਅਸਾਮੀਆਂ ਨੂੰ ਨਵੰਬਰ 2025 ਤੋਂ ਪਹਿਲਾਂ-ਪਹਿਲਾਂ ਭਰਨਾ ਯਕੀਨੀ ਬਣਾਉਣਗੇ। ਜਿਨ੍ਹਾਂ ਕਾਲਜਾਂ ਕੋਲ ਦੋ-ਤਿਹਾਈ ਗਿਣਤੀ ਲਈ ਲੋੜੀਂਦੇ ਨਾਲੋਂ 50% ਤੋਂ ਵੀ ਘੱਟ ਟੀਚਿੰਗ ਸਟਾਫ ਹੈ, ਉਨ੍ਹਾਂ ਕਾਲਜਾਂ ਦੀਆਂ ਸੀਟਾਂ 50% ਘਟਾ ਕੇ (ਭਾਵ ਪਹਿਲਾਂ ਤੋਂ ਚੱਲ ਰਹੇ 4 ਯੂਨਿਟ ਤੋਂ ਘਟਾ ਕੇ 2 ਯੂਨਿਟ, 2 ਯੂਨਿਟ ਤੋਂ ਘਟਾ ਕੇ 1 ਯੂਨਿਟ) ਕਰਨ ਉਪਰੰਤ ਮੈਨਡੇਟਰੀ ਪ੍ਰੋਫਾਰਮਾ ਜਾਰੀ ਕੀਤੇ ਜਾਣਗੇ। ਅਜਿਹੀ ਸੂਰਤ ਵਿਚ ਜੇਕਰ ਕਿਸੇ ਕਾਲਜ ਕੋਲ ਪਹਿਲਾਂ ਤੋਂ ਕੇਵਲ 1 ਯੂਨਿਟ ਹੀ ਚੱਲ ਰਿਹਾ ਹੈ, ਤਾਂ ਉਸ ਨੂੰ ਇਸ ਸ਼ਰਤ ਤੇ ਮੈਨਡੇਟਰੀ ਪ੍ਰੋਫਾਰਮਾ ਜਾਰੀ ਕੀਤਾ ਜਾਵੇਗਾ ਕਿ ਉਹ ਇਸ ਪੱਤਰ ਦੇ ਜਾਰੀ ਹੋਣ ਤੋਂ 2 ਦਿਨਾਂ ਦੇ ਅੰਦਰ-ਅੰਦਰ ਇਸ਼ਤਿਹਾਰ ਪ੍ਰਕਾਸ਼ਿਤ ਕਰਨਗੇ ਅਤੇ 15 ਅਗਸਤ 2025 ਤੱਕ ਇੰਟਰਵਿਊਜ਼ ਕਰਵਾ ਕੇ ਚੁਣੇ ਗਏ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਕੇ ਉਨ੍ਹਾਂ ਦੀ ਕਾਪੀ ਕਾਲਜ ਸੈਕਸ਼ਨ ਵਿਖੇ ਜਮ੍ਹਾਂ ਕਰਵਾਉਣਗੇ। ਸੀਟਾਂ ਘੱਟ ਕੀਤੇ ਜਾਣ ਦੀ ਸੂਰਤ ਵਿਚ ਜੇਕਰ ਕਾਲਜ ਅਗਲੇ ਸੈਸ਼ਨ ਲਈ ਸਮੇਂ ਸਿਰ ਖਾਲੀ ਪੋਸਟਾਂ ਭਰ ਲੈਣਗੇ ਤਾਂ ਉਨ੍ਹਾਂ ਦੀਆਂ ਸੀਟਾਂ ਨੂੰ ਸੈਸ਼ਨ 2026-27 ਤੋਂ ਮੁੜ ਬਹਾਲ ਕਰਨ ਹਿਤ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਜਿਨ੍ਹਾਂ ਕਾਲਜਾਂ ਵੱਲੋਂ ਕਿਸੇ ਵੀ ਤਰ੍ਹਾਂ ਦਾ ਕੋਈ ਬਕਾਇਆ ਰਹਿੰਦਾ ਹੈ, ਉਹ ਤੁਰੰਤ ਬਣਦਾ ਭੁਗਤਾਨ ਕਰਕੇ ਯੂਨੀਵਰਸਿਟੀ ਦੀ ਲੇਖਾ ਸ਼ਾਖਾ-2 ਤੋਂ verify ਕਰਵਾਉਣ ਉਪਰੰਤ ਦਸਤਾਵੇਜ਼ ਜਮ੍ਹਾਂ ਕਰਵਾਉਣ, ਤਾਂ ਜੋ ਮੈਂਡੇਟਰੀ ਪ੍ਰਫਾਰਮਾ ਜਾਰੀ ਕੀਤਾ ਜਾ ਸਕੇ।

17/07/2025

**ਡੀਨ, ਕਾਲਜ ਵਿਕਾਸ ਕੌਂਸਲ**